## ਪੀੜਿਤ ਨੂੰ ਮੁਆਵਜ਼ਾ

ਮੁਆਵਜ਼ੇ ਦੇ ਹੋਰ ਸਾਰੇ ਸਰੋਤ ਵਰਤੇ ਜਾਣ ਤੋਂ ਬਾਅਦ, ਪੀੜਿਤਾਂ ਨੂੰ ਹੇਠਾਂ ਦਿੱਤੇ ਖਰਚਿਆਂ ਲਈ ਸਹਾਇਤਾ ਪ੍ਰਾਪਤ ਹੋ ਸਕਦੀ ਹੈ:

- ਮੈਡੀਕਲ ਅਤੇ ਡੈਂਟਲ ਲਈ
- ਮਾਨਸਿਕ ਸਿਹਤ ਸਲਾਹ ਲਈ
- ਵੇਤਨ/ਆਮਦਨ ਦੀ ਹਾਨੀ ਲਈ
- ਅੰਤਮ ਸੰਸਕਾਰ/ਦਫ਼ਨਾਉਣ ਲਈ
- ਪੁਨਰਵਾਸ ਲਈ

## ਯੋਗ ਵਿਅਕਤੀ

- ਪੀੜਿਤ ਜੋ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਜ਼ਖਮੀ ਹੋਇਆ ਹੈ
- ਪੀੜਿਤ ਦਾ ਜੀਵਨਸਾਥੀ, ਬੱਚਾ, ਮਾਤਾ-ਪਿਤਾ, ਜਾਂ ਭੈਣ-ਭਰਾ
- ਪੀੜਿਤ ਦੇ ਪਰਿਵਾਰ ਵਿੱਚ ਰਹਿ ਰਿਹਾ ਵਿਅਕਤੀ ਜਾਂ ਪੀੜਤ ਦੇ ਮਾਤਾ-ਪਿਤਾ, ਭੈਣ-ਭਰਾ, ਜੀਵਨ ਸਾਥੀ, ਜਾਂ ਬੱਚੇ ਦੇ ਸਮਾਨ ਰਿਸ਼ਤੇ ਵਿੱਚ ਵਿਅਕਤੀ ਜੋ ਘੱਟੋ-ਘੱਟ ਦੋ ਸਾਲ ਤੱਕ ਪੀੜਿਤ ਨਾਲ ਰਿਹਾ ਹੋਵੇ
- ਨਾਬਾਲਗ ਪੀੜਿਤ ਦਾ ਪ੍ਰਮੁੱਖ ਦੇਖਭਾਲਕਰਤਾ
- ਉਹ ਵਿਅਕਤੀ ਜੋ ਮ੍ਰਿਤਕ ਪੀੜਿਤ ਦੇ ਮੈਡੀਕਲ ਅਤੇ/ਜਾਂ ਅੰਤਿਮ ਸੰਸਕਾਰ/ਦਫ਼ਨਾਉਣ ਦੇ ਖਰਚਿਆਂ ਲਈ ਭੁਗਤਾਨ ਕਰਦਾ ਹੈ

## ਯੋਗਤਾ ਲੋੜਾਂ

- ਪੀੜਤ ਕੈਲੀਫੋਰਨੀਆ ਦਾ ਨਿਵਾਸੀ ਹੋਣਾ ਚਾਹੀਦਾ ਹੈ ਜਾਂ ਅਪਰਾਧ ਕੈਲੀਫੋਰਨੀਆ ਵਿੱਚ ਹੋਇਆ ਹੋਣਾ ਚਾਹੀਦਾ ਹੈ
- ਅਪਰਾਧ ਦੀ ਸੂਚਨਾ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ
- ਪੀੜਿਤ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਪੀੜਿਤ ਮੁਆਵਜ਼ਾ ਬੋਰਡ ਦੇ ਪ੍ਰਤੀਨਿਧਾਂ ਨਾਲ ਸਹਿਯੋਗ ਕਰਨਾ ਪਵੇਗਾ
- ਅਪਰਾਧ ਕਰਨ ਵਿੱਚ ਹਿੱਸਾ ਨਹੀਂ ਲਿਆ ਹੈ ਜਾਂ ਸ਼ਾਮਲ ਨਹੀਂ ਹੈ

## ਕਮਿਊਨਿਟੀ ਸਰੋਤ

| | |
|---|---|
| ਸਿਟਰਸ ਹਾਈਟਸ ਪੁਲਿਸ ਵਿਭਾਗ<br>www.citrusheights.net/home | 916.727.5500 |
| ਐਲਕ ਗਰੋਵ ਪੁਲਿਸ ਵਿਭਾਗ<br>www.elkgrovepd.org | 916.478.8000 |
| ਫੋਲਸਮ ਪੁਲਿਸ ਵਿਭਾਗ<br>www.folsom.ca.us | 916.355.7231 |
| ਗਾਲਟ ਪੁਲਿਸ ਵਿਭਾਗ<br>www.galtpd.com | 209.366.7000 |
| ਸੈਕਰਾਮੈਂਟੋ ਪੁਲਿਸ ਵਿਭਾਗ<br>www.sacpd.org | 916.808.4500<br>916.264.5471 |
| ਸੈਕਰਾਮੈਂਟੋ ਖੇਤਰੀ ਪਰਿਵਾਰਕ ਨਿਆਂ ਕੇਂਦਰ<br>www.sacramentofjc.org | 916.875.4673 |
| ਸੈਕਰਾਮੈਂਟੋ ਕਾਉਂਟੀ ਸ਼ੈਰਿਫ ਵਿਭਾਗ<br>www.sacsheriff.com | 916.875.5115 |
| ਹੋਮੀਸਾਈਡ ਸਪੋਰਟ ਨੈਟਵਰਕ<br>www.sacda.org | 916.874.5701 |
| ਲੀਗਲ ਸਰਵਿਸਿਜ਼ ਆੱਫ਼ ਨਾਦਰਨ CA<br>www.lsnc.net | 916.551.2150 |
| MADD (ਮਦਰਸ ਅਗੇਨਸਟ ਡਰੰਕ ਡ੍ਰਾਇਵਿੰਗ)<br>www.madd.org | 916.481.6233 |
| ਮੈਕਸੀਕਨ ਕੋਨਸੂਲੇਟ<br>consulmex.sre.gob.mx/sacramento | 916.329.3500 |
| ਮਾਈ ਸਿਸਟਰ'ਸ ਹਾਊਸ<br>www.my-sisters-house.org | 916.428.3271 |
| SIRENS (ਸਾਇਰਨ)<br>*(ਸ਼ੈਰਿਫ ਦੀ ਕੈਦੀ ਰਿਹਾਈ ਵਿਕਲਪਿਕ ਅਧਿਸੂਚਨਾ ਪ੍ਰਣਾਲੀ)*<br>ਰਜਿਸਟਰ ਕਰੋ @ www.sacsheriff.com | 916.874.6752 |
| ਸੁਸਾਈਡ ਪ੍ਰੀਵੈਂਸ਼ਨ<br>www.wellspacehealth.org/suicide-prevention | 916.368.3111<br>800.273.8255 |
| ਵਿਕਟਿਮਸ ਆੱਫ਼ ਕ੍ਰਾਇਮ ਰਿਸਾੱਰਸ ਸੈਂਟਰ<br>www.1800victim.org | 800.842.8467 |
| WEAVE (ਵੀਵ) (ਘਰੇਲੂ ਹਿੰਸਾ ਕੇਂਦਰ)<br>ਕ੍ਰਾਇਸਿਸ ਲਾਇਨ ਕਾਉਂਸਲਿੰਗ ਸੈਂਟਰ<br>www.weaveinc.org | 916.920.2952 |


901 G Street - Sacramento, CA 95814

**916.874.6218**

CA ਰੀਲੇ ਸਰਵਿਸ 800.735.2929 TDD ਜਾਂ 711

@SacCountyDA


ਸੈਕਰਾਮੈਂਟੋ ਕਾਉਂਟੀ
ਜ਼ਿਲ੍ਹਾ ਅਟਾਰਨੀ ਦਫ਼ਤਰ

# ਪੀੜਿਤ ਗਵਾਹ ਸਹਾਇਤਾ ਪ੍ਰੋਗਰਾਮ

DISTRICT ATTORNEY
SACRAMENTO COUNTY
Semper Justitia

ਜ਼ਿਲ੍ਹਾ ਅਟਾਰਨੀ
**ਥਿਏਨ ਹੋ**
ਸੈਕਰਾਮੈਂਟੋ ਕਾਉਂਟੀ ਜ਼ਿਲ੍ਹਾ ਅਟਾਰਨੀ ਦਫ਼ਤਰ
*sacda.org*

## ਪੀੜਿਤ ਸੇਵਾਵਾਂ

- ਸੰਕਟ ਵਿੱਚ ਦਖਲਅੰਦਾਜ਼ੀ ਅਤੇ ਅਦਾਲਤੀ ਸਹਿਯੋਗ, ਭਾਵਨਾਤਮਕ ਸਮੱਰਥਨ, ਅਤੇ ਅਦਾਲਤੀ ਕਾਰਵਾਈ ਦੌਰਾਨ ਜਾਣਕਾਰੀ
- ਸਰੋਤ ਅਤੇ ਰੈਫਰਲ ਜਾਣਕਾਰੀ
- ਅਪਰਾਧਿਕ ਨਿਆਂ ਪ੍ਰਣਾਲੀ ਦੇ ਤਹਿਤ ਪੀੜਿਤਾਂ ਲਈ ਵਕਾਲਤ
- ਅਪਰਾਧ ਨਾਲ ਸਬੰਧਤ ਖਰਚਿਆਂ ਦੀ ਭਰਪਾਈ ਲਈ ਕੈਲੀਫੋਰਨੀਆ ਪੀੜਿਤ ਮੁਆਵਜ਼ਾ ਬੋਰਡ ਵਿੱਚ ਅਰਜ਼ੀ ਦੇਣ ਵਿੱਚ ਸਹਾਇਤਾ (ਬੈਕ ਪੈਨਲ 'ਤੇ ਸੂਚੀਬੱਧ)
- ਐਮਰਜੈਂਸੀ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ
- ਸਜ਼ਾ ਸੁਣਾਉਣ ਲਈ ਪੀੜਿਤ ਦੇ ਬਿਆਨ ਤਿਆਰ ਕਰਨ ਵਿੱਚ ਸਹਾਇਤਾ
- ਪੀੜਿਤ ਦੇ ਅਧਿਕਾਰਾਂ ਬਾਰੇ ਜਾਣਕਾਰੀ
- ਹੋਮੀਸਾਈਡ ਸਰਵਾਈਵਰਸ ਸਪੋਰਟ ਗਰੁੱਪ (ਹਰ ਮਹੀਨੇ ਦੇ ਪਹਿਲੇ ਬੁੱਧਵਾਰ ਨੂੰ ਮੀਟਿੰਗ)




## ਗਵਾਹ ਸੇਵਾਵਾਂ

- ਸ਼ਹਿਰ ਤੋਂ ਬਾਹਰ ਦੇ ਗਵਾਹਾਂ ਲਈ ਆਵਾਜਾਈ ਅਤੇ ਰਹਿਣ ਦਾ ਪ੍ਰਬੰਧ
- ਬੇਨਤੀ 'ਤੇ ਸਮੇਂ ਅਤੇ ਫੈਸਲੇ ਦੇ ਸਮੇਂ ਅਤੇ ਸਥਾਨ ਦੇ ਬਾਰੇ ਗਵਾਹਾਂ ਨੂੰ ਸੂਚਿਤ ਕਰਨਾ

## ਪੀੜਤ ਸਹਾਇਤਾ

ਹਿੰਸਕ ਜੁਰਮ ਦਾ ਸ਼ਿਕਾਰ ਬਣਨ ਨਾਲ ਕਿਸੇ ਵਿਅਕਤੀ 'ਤੇ ਮਾਰੂ ਪ੍ਰਭਾਵ ਪੈ ਸਕਦਾ ਹੈ। ਹਿੰਸਕ ਅਪਰਾਧ ਦੇ ਕਈ ਪੀੜਤਾਂ ਨੂੰ ਅਪਰਾਧ ਦੇ ਨਤੀਜੇ ਵਜੋਂ ਸਰੀਰਕ ਅਤੇ/ਜਾਂ ਭਾਵਨਾਤਮਕ ਨੁਕਸਾਨ ਅਤੇ ਵਿੱਤੀ ਨੁਕਸਾਨ ਝੱਲਣਾ ਪੈਂਦਾ ਹੈ। ਹੋਰ ਪੀੜਿਤਾਂ ਨੂੰ ਬਦਲਾ ਜਾਂ ਧਮਕੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੁਆਰਾ ਉਲਝਾਇਆ ਜਾ ਸਕਦਾ ਹੈ। ਕਈ ਪੀੜਿਤਾਂ ਨੂੰ ਲੱਗ ਸਕਦਾ ਹੈ ਕਿ ਉਹਨਾਂ ਕੋਲ ਵਿਕਲਪ ਘੱਟ ਹਨ। ਹੋਰ ਲੋਕ ਅੱਗੇ ਉਤਪੀੜਣ ਤੋਂ ਬਚਣ ਵਿੱਚ ਅਸਮੱਰਥਮ ਮਹਿਸੂਸ ਕਰ ਸਕਦੇ ਹਨ।




ਸੈਕਰਾਮੈਂਟੋ ਕਾਉਂਟੀ ਡਿਸਟ੍ਰਿਕਟ ਅਟਾਰਨੀ ਦੇ ਪੀੜਿਤ ਗਵਾਹ ਸਹਾਇਤਾ ਪ੍ਰੋਗਰਾਮ ਰਾਹੀਂ ਹਿੰਸਕ ਅਪਰਾਧਾਂ ਦੇ ਪੀੜਿਤਾਂ ਲਈ ਸਹਾਇਤਾ ਉਪਲਬਧ ਹੈ। ਸਿੱਖਿਅਤ ਅਤੇ ਅਨੁਭਵੀ ਪੀੜਿਤ ਵਕੀਲ ਸੰਕਟ ਦਖ਼ਲ ਸਲਾਹ, ਅਪਰਾਧਿਕ ਨਿਆਂ ਪ੍ਰਣਾਲੀ ਬਾਰੇ ਜਾਣਕਾਰੀ, ਅਦਾਲਤੀ ਸਹਾਇਤਾ, ਵਕਾਲਤ, ਪੀੜਤ ਮੁਆਵਜ਼ੇ ਲਈ ਅਰਜ਼ੀ ਦੇਣ ਵਿੱਚ ਸਹਾਇਤਾ ਅਤੇ ਕਮਿਊਨਿਟੀ ਰੈਫ਼ਰਲ ਪ੍ਰਦਾਨ ਕਰਦੇ ਹਨ।



ਸੈਕਰਾਮੈਂਟੋ ਕਾਉਂਟੀ ਜ਼ਿਲ੍ਹਾ ਅਟਾਰਨੀ ਦਫ਼ਤਰ ਅਪਰਾਧ ਦੇ ਪੀੜਿਤਾਂ ਨੂੰ ਵਕਾਲਤ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਿਤ ਹੈ। ਪੀੜਤਾਂ ਨੂੰ ਉਹਨਾਂ ਮੁਸ਼ਕਲ ਸਥਿਤੀਆਂ ਵਿੱਚ ਮਜਬੂਰ ਕੀਤਾ ਜਾਂਦਾ ਹੈ ਜੋ ਅਗਿਆਤ ਅਤੇ ਦੁਖਦਾਈ ਹੁੰਦੀਆਂ ਹਨ। ਪੀੜਿਤ ਗਵਾਹ ਸਹਾਇਤਾ ਪ੍ਰੋਗਰਾਮ ਵਿੱਚ ਪੀੜਿਤ ਵਕੀਲ ਅਪਰਾਧ ਦੇ ਬਾਅਦ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸਮੱਰਥਨ ਦੇਣ, ਅਪਰਾਧਿਕ ਨਿਆਂ ਪ੍ਰਕਿਰਿਆ ਦੇ ਜ਼ਰੀਏ ਮਾਰਗਦਰਸ਼ਨ ਪ੍ਰਦਾਨ ਕਰਨ ਅਤੇ ਉਚਿਤ ਸਹਾਇਤਾ ਸੇਵਾਵਾਂ ਦਾ ਪਤਾ ਲਗਾਉਣ ਲਈ ਵਚਨਬੱਧ ਹੈ।

ਇਹ ਦਫ਼ਤਰ ਇਹ ਯਕੀਨੀ ਬਣਾਉਂਦਾ ਹੈ ਕਿ ਪੀੜਿਤਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਦਾ ਹਮੇਸ਼ਾ ਸਨਮਾਨ ਕੀਤਾ ਜਾਵੇ। ਸਾਡਾ ਟੀਚਾ ਹਰੇਕ ਪੀੜਿਤ ਲਈ ਅਪਰਾਧ ਦੇ ਬਾਅਦ ਆਪਣਾ ਜੀਵਨ ਜਾਰੀ ਰੱਖਣ ਵਿੱਚ ਯੋਗ ਬਣਾਉਣ ਲਈ ਜ਼ਰੂਰੀ ਸਹਾਇਤਾ ਪ੍ਰਾਪਤ ਕਰਨਾ ਹੈ। ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਿਸੇ ਪੀੜਿਤ ਵਕੀਲ ਨਾਲ ਗੱਲ ਕਰਨ ਲਈ ਕਾਲ ਕਰੋ।

ਸ਼ੁੱਭ ਕਾਮਨਾਵਾਂ ਦੇ ਨਾਲ,

ਥਿਏਨ ਹੋ, ਡਿਸਟ੍ਰਿਕਟ ਅਟਾਰਨੀ।